# ਨਮੂਨੇ ਦਾ ਪ੍ਰਸ਼ਨ-ਪੱਤਰ

ਸ਼੍ਰੇਣੀ : ਦਸਵੀਂ — ਲਿਖਤੀ : 65 ਅੰਕ

ਵਿਸ਼ਾ : ਪੰਜਾਬੀ — ਅੰਤਰਿਕ ਮੁਲਾਂਕਣ : 10 ਅੰਕ

ਪੱਧਰ : ਏ — ਕੁੱਲ = 75 ਅੰਕ

ਪ੍ਰਸ਼ਨ 1 ਸੁੰਦਰ ਲਿਖਾਈ ਲਈ 5 ਅੰਕ ਰਾਖਵੇਂ ਹਨ। = 05

ਪ੍ਰਸ਼ਨ 2. ਵਸਤੂਨਿਸ਼ਠ ਪ੍ਰਸ਼ਨ 30 x 1 = 30

(ੳ) ਬਹੁਚੋਣਵੇਂ ਪ੍ਰਸ਼ਨ :

(i) 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਮਨੁੱਖ ਨੂੰ ਕਿਸ ਨੂੰ ਮੰਦਾ ਕਹਿਣ ਤੋਂ ਵਰਜਿਆ ਗਿਆ ਹੈ?
(ੳ) ਭਾਂਡੇ ਨੂੰ (ਅ) ਭੰਡੀ ਨੂੰ
(ੲ) ਇਸਤਰੀ ਨੂੰ (ਸ) ਭੰਡਾਰੀ ਨੂੰ 1

(ii) 'ਬਾਬਾ ਰਾਮ ਸਿੰਘ ਕੂਕਾ' ਲੇਖ ਕਿਸ ਦੀ ਰਚਨਾ ਹੈ?
(ੳ) ਸ. ਕਪੂਰ ਸਿੰਘ (ਅ) ਪ੍ਰਿੰ. ਤੇਜਾ ਸਿੰਘ
(ੲ) ਪ੍ਰੋ. ਸਾਹਿਬ ਸਿੰਘ (ਸ) ਗੁਰਬਖ਼ਸ਼ ਸਿੰਘ ਪ੍ਰੀਤਲੜੀ 1

(iii) ਰਘੁਬੀਰ ਢੰਡ ਦੀ ਲਿਖੀ ਹੋਈ ਕਹਾਣੀ ਕਿਹੜੀ ਹੈ?
(ੳ) ਬੰਮ ਬਹਾਦਰ (ਅ) ਮਛੀਆਂ ਤੋਂ ਦੂਰ
(ੲ) ਕੁਲਫ਼ੀ (ਸ) ਅੰਗ-ਸੰਗ 1

(iv) ਗੁਰਸ਼ਰਨ ਸਿੰਘ ਦਾ ਜਨਮ ਕਦੋਂ ਹੋਇਆ?
(ੳ) 16 ਸਤੰਬਰ, 1908 (ਅ) 16 ਸਤੰਬਰ, 1918
(ੲ) 16 ਸਤੰਬਰ, 1928 (ਸ) 16 ਸਤੰਬਰ, 1938 1

(v) ਕਟੜਾ ਮੋਤੀ ਰਾਮ (ਨਾਵਲ : ਇੱਕ ਹੋਰ ਨਵਾਂ ਸਾਲ) ਜਾਣ ਵਾਲੀ ਸਵਾਰੀ ਕਿੱਥੋਂ ਆਈ ਸੀ?
(ੳ) ਦਿੱਲੀ ਤੋਂ (ਅ) ਅੰਬਾਲੇ ਤੋਂ
(ੲ) ਚੰਡੀਗੜ੍ਹ ਤੋਂ (ਸ) ਅੰਮ੍ਰਿਤਸਰ ਤੋਂ 1

5 x 1 = 5

(ਅ) ਖ਼ਾਲੀ ਥਾਂਵਾਂ ਭਰੋ :

(i) ਗੁਰੂ ਅਰਜਨ ਦੇਵ ਜੀ ਦੀ ਹਰਮਨ ਪਿਆਰੀ ਬਾਣੀ ______ ਹੈ। 1

(ii) ______ ਲਈ ਅਰਦਾਸ ਚੜ੍ਹਦੀ ਕਲਾ ਦਾ ਸਾਧਨ ਹੈ। 1

(iii) ਕਰਤਾਰ ਸਿੰਘ ਸ਼ਿਕਾਰੀ ਕੁੱਤਿਆਂ ਨਾਲ ______ ਖੇਡਦਾ ਸੀ। 1

(iv) 'ਸਮੁੰਦਰੋਂ ਪਾਰ' ਇਕਾਂਗੀ ਵਿੱਚ ______ ਘਟੀਆ ਆਚਰਨ ਦਾ ਮਾਲਕ ਹੈ। 1

(v) ਲੋਕ ______ ਚੜ੍ਹਨ ਕਰਕੇ ਖ਼ੁਸ਼ੀਆਂ ਮਨਾ ਰਹੇ ਸਨ। (ਨਾਵਲ : ਇੱਕ ਹੋਰ ਨਵਾਂ ਸਾਲ) 1

5 x 1 = 5

(ੲ) ਹੇਠ ਲਿਖਿਆਂ ਦਾ ਸਹੀ ਮਿਲਾਨ ਕਰੋ:

(i) ਸਤਿਗੁਰ ਨਾਨਕ ਪ੍ਰਗਟਿਆ (ਕਵਿਤਾ) : ਸੁਜਾਨ ਸਿੰਘ 1

(ii) ਬੋਲੀ (ਲੇਖ) : ਭਾਈ ਗੁਰਦਾਸ 1

(iii) ਕੁਲਫ਼ੀ (ਕਹਾਣੀ) : ਗੁਰਬਖ਼ਸ਼ ਸਿੰਘ 1

(iv) ਨਾਇਕ (ਇਕਾਂਗੀ) : ਨਰਿੰਜਨ ਤਸਨੀਮ 1

(v) ਇੱਕ ਹੋਰ ਨਵਾਂ ਸਾਲ (ਨਾਵਲ): ਗੁਰਸ਼ਰਨ ਸਿੰਘ 1

5×1 = 5

(ਸ) ਹੇਠ ਲਿਖਿਆਂ ਵਿੱਚੋਂ ਕਿਹੜੇ ਕਥਨ ਸਹੀ ਹਨ ਤੇ ਕਿਹੜੇ ਗ਼ਲਤ:

(i) ਭਾਈ ਗੁਰਦਾਸ ਨੇ ਪੰਜਾਬੀ ਵਿੱਚ ਢਾਲ਼ੀ ਵਾਰਾਂ ਲਿਖੀਆਂ। 1

(ii) ਬੰਦੇ ਲਈ ਅਰਦਾਸ ਇੱਕ ਜ਼ਰੂਰੀ ਵਸਤੂ ਨਹੀਂ ਹੈ। 1

(iii) ਮਹਾਰਾਣੀ ਨੇ ਬੀਮ ਬਹਾਦਰ ਨੂੰ ਮਾਤਾਦੀਨ ਦੇ ਬੱਚਿਆਂ ਦਾ ਘਰ ਢਾਹੁਣ ਨੂੰ ਸਹੀ ਦੱਸਿਆ। 1

(iv) ਥਾਣੇਦਾਰ ਵੀਰਾਂ ਵਾਲੀ ਨੂੰ ਇੱਕ ਅਛਰੀ ਜ਼ਨਾਨੀ ਸਮਝਦਾ ਹੈ। 1

(v) ਘੁੰਤੇ ਦੇ ਇੱਕ ਮੁੰਡਾ ਤੇ ਦੋ ਕੁੜੀਆਂ ਸਨ। 1

5×1 = 5

(ਹ) ਹੇਠ ਲਿਖੇ ਵਾਕ ਪੂਰੇ ਕਰੋ:

(i) ਪਵਣੁ ਗੁਰੂ ਪਾਣੀ ਪਿਤਾ ........॥ 1

(ii) ਲੱਖ ਨਗਾਰੇ ਵੱਜਣ ........॥ 1

(iii) ਇਹ ਤੁਹਾਡੀ ਪੀੜ੍ਹੀ ਦੀ ਆਦਤ ਬਣ ਗਈ ਏ ਹਰ ਚੀਜ਼ ਨੂੰ ........। 1

(iv) ਔਰੰਗਜ਼ੇਬ ਨੂੰ ਖ਼ੌਫ਼ਨਾਕ ਸੁਪਨਾ ਦੇਖਣ ਕਾਰਨ ਪਲ ਭਰ ........। 1

(v) ਫ਼ਿਕਰ ਨਾ ਕਰ ਲਾਲੀ ਸ਼ਾਹ, ਮੈਂ ਮਦਹੋਸ਼ ਜ਼ਰੂਰ ਆਂ, ........। 1

5×1 = 5

(ਕ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ:

(i) ਗੰਡੂ ਦੇ ਹਿੱਸੇ ਕਿੱਤੇ-ਕਿਹੀ ਜ਼ਮੀਨ ਆਈ ਸੀ? 1

(ii) ਮਨੁੱਖ ਦੇ ਪਿਆਰ ਦੀਆਂ ਸਧਰਾਂ ਕਿੱਥੇ ਪਲ਼ਦੀਆਂ ਹਨ? 1

(iii) ਕਰਤਾਰ ਸਿੰਘ ਨੇ ਸੁਸਾਇਟੀ ਤੋਂ ਕਿਸ ਕੰਮ ਲਈ ਕਰਜ਼ਾ ਲਿਆ ਸੀ? 1

(iv) ਨਿਹਾਲ ਕੌਰ ਮਨਜੀਤ ਦੀ ਕੀ ਲੱਗਦੀ ਹੈ। 1

(v) ਬਸੰਤ ਪੰਚਮੀ ਵਾਲੇ ਦਿਨ ਚੰਤਾ ਆਪਣੀ ਬੇਬੇ ਅਤੇ ਪਤਨੀ ਨੂੰ ਕਿੱਥੇ ਲੈ ਕੇ ਗਿਆ? 1

5×1 = 5

ਪ੍ਰਸ਼ਨ 3 ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ
ਵਿਚ ਮਸੀਤ ਦੇ ਲਗੀਆਂ, ਜਾਣੇ ਕੁਲ ਜਹਾਨ ॥ 2+3=5

(ਅ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ, ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ। 2+3=5

2+3=5

ਪ੍ਰਸ਼ਨ 4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਭਗ 40 ਸ਼ਬਦਾਂ ਵਿੱਚ ਲਿਖੋ:

(ੳ) ਮਿਠ ਬੋਲੜਾ ਜੀ ਹਰਿ ਸਜਣੁ ( ਗੁਰੂ ਅਰਜਨ ਦੇਵ ਜੀ ) 4

(ਅ) ਜੰਗ ਦਾ ਹਾਲ ( ਸ਼ਾਹ ਮੁਹੰਮਦ ) 4

1×4=4

ਪ੍ਰਸ਼ਨ 5 ਹੇਠ ਲਿਖੇ ਵਾਰਤਕ ਲੇਖ ਜਾਂ ਕਹਾਣੀ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਭਗ 125 ਸ਼ਬਦਾਂ ਵਿੱਚ ਲਿਖੋ:

(ੳ) ਪ੍ਰਾਰਥਨਾ ( ਡਾ. ਬਲਬੀਰ ਸਿੰਘ ) 5

(ਅ) ਮੜ੍ਹੀਆਂ ਤੋਂ ਦੂਰ ( ਰਘੁਬੀਰ ਢੰਡ ) 5

1×5=5

ਪ੍ਰਸ਼ਨ 6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ? 2

(ਅ) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ? 2

(ੲ) 'ਅੰਗ-ਸੰਗ' ਕਹਾਣੀ ਦੇ ਪਾਤਰ ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਤੁਰ ਜਾਣ ਦੇ ਕੀ ਕਾਰਨ ਸਨ? 2

(ਸ) ਵੀਰਾਂ ਵਾਲੀ ਦੀ ਮੌਤ ਦਾ ਕੀ ਕਾਰਨ ਸੀ? 2

2×2=4

ਪ੍ਰਸ਼ਨ 7 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 100 ਸ਼ਬਦਾਂ ਵਿੱਚ ਲਿਖੋ:

(ੳ) ਜ਼ੀਨਤ-ਉਨ-ਨਿਸਾ (ਇਕਾਂਗੀ: ਜ਼ਫ਼ਰਨਾਮਾ) 6

(ਅ) ਸਾਹੇਦਾਰ (ਇਕਾਂਗੀ: ਬੰਬ ਕੇਸ) 6

(ੲ) ਫੁੰਮਣ (ਨਾਵਲ: ਇੱਕ ਹੋਰ ਨਵਾਂ ਸਾਲ) 6

(ਸ) ਅਸ਼ਕ (ਨਾਵਲ: ਇੱਕ ਹੋਰ ਨਵਾਂ ਸਾਲ) 6

1 × 6 = 6

ਪ੍ਰਸ਼ਨ 8 ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:

"ਨਹੀਂ ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।"

ਪ੍ਰਸ਼ਨ: (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ? 1

(ਅ) ਇਕਾਂਗੀਕਾਰ ਦਾ ਕੀ ਨਾਂ ਹੈ? 1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ਹਨ? 1

ਜਾਂ

"ਦੁਖੀ ਤਾਂ ਹੈ, ਪਰ ਗੱਲ ਕੀ ਹੈ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ"

ਪ੍ਰਸ਼ਨ: (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ? 1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ? 1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ਹਨ? 1

1 + 1 + 1 = 3

ਪ੍ਰਸ਼ਨ 9. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋ:

(ੳ) "ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ ..... ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ, ਮਿੰਦਰ ਦੀ ਝਾਈ।" 1+2 = 3

(ਅ) "ਸਾਨੂੰ ਪਿੰਡਾਂ ਆਲਿਆਂ ਨੂੰ ਤਾਂ ਕੁਝ ਸਮਝਦੇ ਈ ਨਹੀਂ, ਇੱਕ ਤਾਂ ਮੁੱਛਦੇ ਐਂ ਸਾਡੇ ਅਰਗਿਆਂ ਨੂੰ, ਦੂਜਾ ਟਿੱਚਰਾਂ ਕਰਦੇ ਆ।" 1+2 = 3

1+2 = 3